# NAPLAN 2026

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ



## ਵਿਦਿਆਰਥੀ NAPLAN ਕਿਉਂ ਕਰਦੇ ਹਨ?

ਰਾਸ਼ਟਰੀ ਮੁਲਾਂਕਣ ਪ੍ਰੋਗਰਾਮ - ਸਾਖਰਤਾ ਅਤੇ ਅੰਕ-ਗਿਆਨ (NAPLAN) ਇੱਕ ਸਾਖਰਤਾ ਅਤੇ ਅੰਕ-ਗਿਆਨ ਮੁਲਾਂਕਣ ਹੈ ਜਿਸ ਵਿੱਚ ਸਾਲ 3, 5, 7 ਅਤੇ 9 ਦੇ ਵਿਦਿਆਰਥੀ ਹਰ ਸਾਲ ਬੈਠਦੇ ਹਨ। ਇਹ ਇੱਕੋ-ਇੱਕ ਰਾਸ਼ਟਰੀ ਮੁਲਾਂਕਣ ਹੈ ਜੋ ਸਾਰੇ ਆਸਟ੍ਰੇਲੀਆਈ ਵਿਦਿਆਰਥੀਆਂ ਕੋਲ ਕਰਨ ਦਾ ਮੌਕਾ ਹੁੰਦਾ ਹੈ।

ਜਿਵੇਂ ਕਿ ਵਿਦਿਆਰਥੀ ਆਪਣੀਆਂ ਸਕੂਲੀ ਜਮਾਤਾਂ ਵਿੱਚ ਅੱਗੇ ਵਧਦੇ ਹਨ, ਇਹ ਜਾਂਚ ਕਰਨਾ ਮਹੱਤਵਪੂਰਨ ਹੁੰਦਾ ਹੈ ਕਿ ਉਹ ਪੜ੍ਹਨ, ਲਿਖਣ ਅਤੇ ਸੰਖਿਆ ਦੇ ਜ਼ਰੂਰੀ ਹੁਨਰਾਂ ਨੂੰ ਕਿੰਨੀ ਚੰਗੀ ਤਰ੍ਹਾਂ ਸਿੱਖ ਰਹੇ ਹਨ।

NAPLAN ਉਸ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰਾਂ ਦਾ ਮੁਲਾਂਕਣ ਕਰਦਾ ਹੈ ਜੋ ਵਿਦਿਆਰਥੀ ਸਕੂਲੀ ਪਾਠਕ੍ਰਮ ਰਾਹੀਂ ਸਿੱਖ ਰਹੇ ਹਨ, ਅਤੇ ਮਾਪਿਆਂ ਅਤੇ ਸੰਭਾਲਕਰਤਾਵਾਂ ਨੂੰ ਇਹ ਦੇਖਣ ਦੀ ਆਗਿਆ ਦਿੰਦਾ ਹੈ ਕਿ ਉਹਨਾਂ ਦਾ ਬੱਚਾ ਰਾਸ਼ਟਰੀ ਨਿਪੁੰਨਤਾ ਮਿਆਰਾਂ ਨਾਲ ਕਿਵੇਂ ਅੱਗੇ ਵੱਧ ਰਿਹਾ ਹੈ।

NAPLAN ਸਕੂਲ ਦੀ ਮੁਲਾਂਕਣ ਅਤੇ ਰਿਪੋਰਟਿੰਗ ਪ੍ਰਕਿਰਿਆ ਦਾ ਸਿਰਫ਼ ਇੱਕ ਪਹਿਲੂ ਹੈ। ਇਹ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਅਧਿਆਪਕਾਂ ਦੁਆਰਾ ਕੀਤੇ ਜਾ ਰਹੇ ਮੁਲਾਂਕਣਾਂ ਨੂੰ ਨਹੀਂ ਬਦਲਦਾ, ਪਰ ਇਹ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਵਿੱਦਿਅਕ ਤਰੱਕੀ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

NAPLAN ਇਸ ਬਾਰੇ ਸਕੂਲਾਂ, ਸਿੱਖਿਆ ਅਥਾਰਟੀਆਂ ਅਤੇ ਸਰਕਾਰਾਂ ਨੂੰ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਕਿ ਸਿੱਖਿਆ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ ਅਤੇ ਕੀ ਯੁਵਾ ਆਸਟ੍ਰੇਲੀਅਨ ਸਾਖਰਤਾ ਅਤੇ ਅੰਕ ਗਿਆਨ ਵਿੱਚ ਅਹਿਮ ਵਿਦਿਅਕ ਨਤੀਜੇ ਪ੍ਰਾਪਤ ਕਰ ਰਹੇ ਹਨ।

## ਤੁਹਾਡਾ ਬੱਚਾ NAPLAN ਟੈਸਟ ਨੂੰ ਔਨਲਾਈਨ ਕਰੇਗਾ

ਔਨਲਾਈਨ NAPLAN ਟੈਸਟਾਂ ਨੂੰ ਸਟੀਕ ਨਤੀਜੇ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ ਅਤੇ ਇਹ ਵਿਦਿਆਰਥੀਆਂ ਲਈ ਦਿਲਚਸਪ ਹਨ। ਇਹ ਟੈਸਟ ਮੁਹਾਰਤ ਅਨੁਸਾਰ ਤਿਆਰ ਕੀਤੇ (ਜਾਂ ਢਲ), ਜਾਂਦੇ ਹਨ ਜਿਸਦਾ ਮਤਲਬ ਹੈ ਕਿ ਹਰੇਕ ਟੈਸਟ ਅਜਿਹੇ ਪ੍ਰਸ਼ਨ ਪੇਸ਼ ਕਰਦਾ ਹੈ ਜੋ ਵਿਦਿਆਰਥੀ ਵਲੋਂ ਦਿੱਤੇ  ਜਵਾਬਾਂ ਦੇ ਅਧਾਰ ‘ਤੇ ਵੱਧ ਜਾਂ ਘੱਟ ਮੁਸ਼ਕਲ ਹੋ ਸਕਦੇ ਹਨ। ਇਹ ਵਿਦਿਆਰਥੀਆਂ ਨੂੰ ਇਸ ਮੁਲਾਂਕਣ ਨੂੰ ਕਰਦੇ ਰਹਿਣ ਵਿੱਚ ਮੱਦਦ ਕਰਦਾ ਹੈ।

ਢਲਣਯੋਗ ਟੈਸਟਿੰਗ ਵਿਦਿਆਰਥੀ ਦੀਆਂ ਵੱਧ ਗਿਣਤੀ ਕਾਬਲੀਅਤਾਂ ਦਾ ਮੁਲਾਂਕਣ ਕਰਨ ਦੀ ਆਗਿਆ ਦਿੰਦੀ ਹੈ ਅਤੇ ਵਿਦਿਆਰਥੀ ਦੀ ਪ੍ਰਾਪਤੀ ਨੂੰ ਵਧੇਰੇ ਸਟੀਕਤਾ ਨਾਲ ਮਾਪਦੀ ਹੈ। ਕਿਸੇ ਵਿਦਿਆਰਥੀ ਦਾ ਸਮੁੱਚਾ NAPLAN ਨਤੀਜਾ ਉਹਨਾਂ ਪ੍ਰਸ਼ਨਾਂ ਦੀ ਸੰਖਿਆ ਅਤੇ ਗੁੰਝਲਤਾ ਦੋਵਾਂ ‘ਤੇ ਅਧਾਰਿਤ ਹੁੰਦਾ ਹੈ ਜਿੰਨ੍ਹਾਂ ਦਾ ਉਹ ਸਹੀ ਉੱਤਰ ਦਿੰਦੇ ਹਨ। ਜੇਕਰ ਤੁਹਾਡੇ ਬੱਚੇ ਨੂੰ ਸਵਾਲ ਚੁਣੌਤੀਪੂਰਨ (ਔਖੇ) ਲੱਗਦੇ ਹਨ ਤਾਂ ਚਿੰਤਾ ਨਹੀਂ ਕਰਨੀ ਚਾਹੀਦੀ; ਹੋ ਸਕਦਾ ਹੈ ਕਿ ਉਹ ਵਧੇਰੇ ਗੁੰਝਲਦਾਰ ਟੈਸਟ ਮਾਰਗ ਲੈ ਰਹੇ ਹੋਣ।

ਸਾਰੇ ਜਮਾਤ 3 ਦੇ ਵਿਦਿਆਰਥੀ ਕਾਗਜ਼ ‘ਤੇ ਹੀ ਲਿਖਤੀ ਇਮਤਿਹਾਨ ਦੇਣ ਨੂੰ ਜਾਰੀ ਰੱਖਣਗੇ।

## NAPLAN ਕੀ ਪਰਖ ਕਰਦਾ ਹੈ?

NAPLAN ਸਾਖਰਤਾ ਅਤੇ ਗਿਣਤੀ ਦੇ ਹੁਨਰ ਦਾ ਮੁਲਾਂਕਣ ਕਰਦਾ ਹੈ ਜੋ ਵਿਦਿਆਰਥੀ ਆਪਣੇ ਨਿਯਮਤ ਸਕੂਲ ਪਾਠਕ੍ਰਮ ਦੁਆਰਾ ਸਿੱਖ ਰਹੇ ਹਨ।

ਵਿਦਿਆਰਥੀ ਲਿਖਣ, ਪੜ੍ਹਨ, ਭਾਸ਼ਾਈ ਤਰੀਕੇ (ਸ਼ਬਦ-ਜੋੜ, ਵਿਆਕਰਨ ਅਤੇ ਵਿਰਾਮ ਚਿੰਨ੍ਹ) ਅਤੇ ਅੰਕ ਗਿਆਨ ਵਿੱਚ ਇਮਤਿਹਾਨ ਦੇਣ ਲਈ ਟੈਸਟਾਂ ਵਿੱਚ ਬੈਠਦੇ ਹਨ। ਇਹ ਸਵਾਲ ਆਸਟ੍ਰੇਲੀਆਈ ਪਾਠਕ੍ਰਮ: ਅੰਗਰੇਜ਼ੀ ਅਤੇ ਗਣਿਤ ਦੇ ਵਿਸ਼ਿਆਂ ਨਾਲ ਸੰਬੰਧਿਤ ਸਮੱਗਰੀ ਦਾ ਮੁਲਾਂਕਣ ਕਰਦੇ ਹਨ।

ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਿੱਖਿਆ ਅਥਾਰਟੀਆਂ NAPLAN (ਨੈਪਲੈਨ) ਟੈਸਟ ਸਮੱਗਰੀ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ।

NAPLAN ਬਾਰੇ ਹੋਰ ਜਾਣਨ ਲਈ, **nap.edu.au** ‘ਤੇ ਜਾਓ

## NAPLAN ਵਿੱਚ ਹਿੱਸਾ ਲੈਣਾ

NAPLAN ਸਾਰੇ 3, 5, 7 ਅਤੇ 9ਵੀਂ ਜਮਾਤ ਦੇ ਵਿਦਿਆਰਥੀਆਂ ਲਈ ਹੈ। ACARA ਸਭ ਦੀ ਸ਼ਮੂਲੀਅਤ ਵਾਲੀ ਟੈਸਟਿੰਗ ਦਾ ਸਮਰਥਨ ਕਰਦਾ ਹੈ, ਇਸ ਲਈ ਸਾਰੇ ਵਿਦਿਆਰਥੀਆਂ ਕੋਲ ਰਾਸ਼ਟਰੀ ਮੁਲਾਂਕਣ ਪ੍ਰੋਗਰਾਮ ਵਿੱਚ ਭਾਗ ਲੈਣ ਦਾ ਮੌਕਾ ਹੋਵੇ।

ਵਿਭਿੰਨ ਕਾਰਜਸ਼ੀਲ ਸਮਰੱਥਾਵਾਂ ਅਤੇ ਲੋੜਾਂ ਵਾਲੇ ਵਿਦਿਆਰਥੀਆਂ ਲਈ ਉਪਲਬਧ ਫੇਰ-ਬਦਲਾਂ ਬਾਰੇ ਜਾਣਕਾਰੀ **ਟੈਸਟ ਕਰਵਾਉਣ ਲਈ ਰਾਸ਼ਟਰੀ ਪਰੋਟੋਕੋਲਾਂ** ਵਿੱਚ ਪ੍ਰਦਾਨ ਕੀਤੀ ਗਈ ਹੈ।

ਸਕੂਲਾਂ ਨੂੰ ਮਾਂ-ਪਿਓ, ਦੇਖਭਾਲ ਕਰਨ ਵਾਲਿਆਂ ਅਤੇ ਵਿਦਿਆਰਥੀਆਂ ਦੇ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਹਰੇਕ ਮਾਮਲੇ ਦੇ ਆਧਾਰ ‘ਤੇ, NAPLAN ਤੱਕ ਪਹੁੰਚ ਕਰਨ ਲਈ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਲੋੜੀਂਦੇ ਢੁੱਕਵੇਂ ਫੇਰ-ਬਦਲ ਦੀ ਪਛਾਣ ਕੀਤੀ ਜਾ ਸਕੇ।

ਇਹਨਾਂ ਫ਼ੈਸਲਿਆਂ  ਨੂੰ ਸੂਚਿਤ ਕਰਨ ਵਿੱਚ ਮੱਦਦ ਕਰਨ ਲਈ, ਤੁਸੀਂ ਟੈਸਟ ਕਰਵਾਉਣ ਲਈ ਰਾਸ਼ਟਰੀ ਪ੍ਰੋਟੋਕੋਲ (ਉੱਪਰ ਲਿੰਕ ਦਿੱਤਾ ਗਿਆ ਹੈ), **NAPLAN ਪਬਲਿਕ ਵਿਆਖਿਆ ਵੈੱਬਸਾਈਟ** ਦੇਖ ਸਕਦੇ ਹੋ ਜੋ **NAPLAN ਤੱਕ ਪਹੁੰਚ ਕਰਨ ਲਈ ਅਪਾਹਜ਼ਤਾ ਵਾਲੇ ਵਿਦਿਆਰਥੀਆਂ ਦੀ ਮੱਦਦ ਕਰਨ ਲਈ ਸਕੂਲਾਂ ਲਈ ਗਾਈਡ**, ਜਾਂ **ਸਾਡੀਆਂ ਵੀਡੀਓਜ਼ ਦੀ ਲੜੀ** ਹੈ, ਜਿੱਥੇ ਮਾਪੇ/ਦੇਖਭਾਲ ਕਰਨ ਵਾਲੇ, ਅਧਿਆਪਕ ਅਤੇ ਵਿਦਿਆਰਥੀ NAPLAN ਐਡਜਸਟਮੈਂਟਾਂ (ਫੇਰ-ਬਦਲਾਂ) ਦੀ ਵਰਤੋਂ ਕਰਨ ਦੇ ਆਪਣੇ ਅਨੁਭਵ ਸਾਂਝੇ ਕਰਦੇ ਹਨ।

ਅਸਧਾਰਨ ਸਥਿਤੀਆਂ ਵਿੱਚ, ਕੋਈ ਅਪਾਹਜਤਾ ਵਾਲਾ ਵਿਦਿਆਰਥੀ ਜੋ ਮੁਲਾਂਕਣ ਵਿੱਚ ਹਿੱਸਾ ਲੈਣ ਦੀ ਉਸਦੀ ਸਮਰੱਥਾ ਨੂੰ ਬੁਰੀ ਤਰ੍ਹਾਂ ਸੀਮਤ ਕਰਦੀ ਹੈ, ਜਾਂ ਕੋਈ ਵਿਦਿਆਰਥੀ ਜੋ ਹਾਲ ਹੀ ਵਿੱਚ ਆਸਟ੍ਰੇਲੀਆ ਆਇਆ ਹੈ ਅਤੇ ਗੈਰ-ਅੰਗਰੇਜ਼ੀ ਬੋਲਣ ਵਾਲਾ ਪਿਛੋਕੜ ਰੱਖਦਾ ਹੈ, ਨੂੰ ਰਸਮੀ ਛੋਟ ਦਿੱਤੀ ਜਾ ਸਕਦੀ ਹੈ।

ਤੁਹਾਡਾ ਸਕੂਲ ਪ੍ਰਿੰਸੀਪਲ ਅਤੇ ਤੁਹਾਡਾ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਤੁਹਾਨੂੰ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਫੇਰ-ਬਦਲ ਜਾਂ ਰਸਮੀ ਛੋਟ ਪ੍ਰਾਪਤ ਕਰਨ ਲਈ ਲੋੜੀਂਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਦੇ ਸਕਦਾ ਹੈ।

## ਜੇ ਮੇਰਾ ਬੱਚਾ NAPLAN ਟੈਸਟ ਦੇ ਦਿਨਾਂ 'ਤੇ ਸਕੂਲ ਤੋਂ ਗ਼ੈਰਹਾਜ਼ਰ ਹੈ ਤਾਂ ਕੀ ਹੋਵੇਗਾ?

ਜਿੱਥੇ ਸੰਭਵ ਹੋਵੇ, ਸਕੂਲ ਇਸ ਟੈਸਟਿੰਗ ਦੇ ਸਮੇਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਲਈ ਸਕੂਲ ਦੀ ਟੈਸਟ ਅਨੁਸੂਚੀ ਦੌਰਾਨ ਕਿਸੇ ਹੋਰ ਸਮੇਂ ਖੁੰਝੇ ਹੋਏ ਟੈਸਟਾਂ ਨੂੰ ਪੂਰਾ ਕਰਨ ਦਾ ਪ੍ਰਬੰਧ ਕਰ ਸਕਦੇ ਹਨ।

## ਮੈਂ ਆਪਣੇ ਬੱਚੇ ਦਾ ਸਮਰਥਨ ਕਰਨ ਲਈ ਕੀ ਕਰ ਸਕਦਾ/ਦੀ ਹਾਂ?

ਵਿਦਿਆਰਥੀਆਂ ਤੋਂ NAPLAN ਲਈ ਪੜ੍ਹਾਈ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ। ਤੁਸੀਂ ਆਪਣੇ ਬੱਚੇ ਨੂੰ ਇਹ ਦੱਸ ਕੇ ਉਸਦੀ ਸਹਾਇਤਾ ਕਰ ਸਕਦੇ ਹੋ ਕਿ NAPLAN ਉਹਨਾਂ ਦੇ ਸਕੂਲ ਪ੍ਰੋਗਰਾਮ ਦਾ ਇੱਕ ਹਿੱਸਾ ਹੀ ਹੈ ਅਤੇ ਉਹਨਾਂ ਨੂੰ ਉਹਨਾਂ ਦੀ ਬੇਹਤਰੀਨ ਕੋਸ਼ਿਸ਼ ਕਰਨ ਦੀ ਯਾਦ ਦਿਵਾ ਸਕਦੇ ਹੋ। NAPLAN ਬਾਰੇ ਥੋੜ੍ਹੀ-ਬਹੁਤੀ ਜਾਣਕਾਰੀ ਹੋਣਾ ਵਿਦਿਆਰਥੀਆਂ ਨੂੰ ਟੈਸਟਾਂ ਦੇ ਫਾਰਮੈਟ ਨੂੰ ਸਮਝਣ ਅਤੇ ਸਹਿਜ ਹੋਣ ਵਿੱਚ ਮੱਦਦ ਕਰਨ ਲਈ ਉਪਯੋਗੀ ਹੈ। ਹਾਲਾਂਕਿ ਮਾਤਾ-ਪਿਤਾ/ਦੇਖਭਾਲ ਕਰਨ ਵਾਲਿਆਂ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ। ਅਧਿਆਪਕ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ ਇਹਨਾਂ ਪ੍ਰੀਖਿਆਵਾਂ ਵਿੱਚ ਆਉਣ ਵਾਲੇ ਪ੍ਰਸ਼ਨਾਂ ਦੀਆਂ ਕਿਸਮਾਂ ਤੋਂ ਜਾਣੂ ਹਨ ਅਤੇ ਉਚਿਤ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਗੇ।

ACARA, NAPLAN ਲਈ ਬਹੁਤ ਜ਼ਿਆਦਾ ਤਿਆਰੀ ਜਾਂ ਕੋਚਿੰਗ ਪ੍ਰਦਾਤਾਵਾਂ ਦੁਆਰਾ ਸੇਵਾਵਾਂ ਦੀ ਵਰਤੋਂ ਦੀ ਸਿਫ਼ਾਰਸ਼ ਨਹੀਂ ਕਰਦਾ ਹੈ।

**NAP - ਪਬਲਿਕ ਵਿਆਖਿਆ ਵੈੱਬਸਾਈਟ** 'ਤੇ ਔਨਲਾਈਨ NAPLAN ਇਮਤਿਹਾਨਾਂ ਵਿੱਚ ਉਪਲਬਧ ਸਵਾਲਾਂ ਅਤੇ ਟੂਲਾਂ ਦੀਆਂ ਕਿਸਮਾਂ ਦੇਖੋ।

## ਮੇਰੇ ਬੱਚੇ ਦੀ ਕਾਰਗੁਜ਼ਾਰੀ ਦੀ ਰਿਪੋਰਟ ਕਿਵੇਂ ਕੀਤੀ ਜਾਂਦੀ ਹੈ?

NAPLAN ਦੇ ਨਤੀਜੇ ਨਿਪੁੰਨਤਾ ਦੇ ਮਿਆਰਾਂ ਦੇ ਪ੍ਰਤੀ ਰਿਪੋਰਟ ਕੀਤੇ ਗਏ ਹਨ। ਹਰ ਜਮਾਤ ਦੇ ਪੱਧਰ 'ਤੇ ਹਰੇਕ ਮੁਲਾਂਕਣ ਖੇਤਰ ਲਈ ਇੱਕ ਮਿਆਰ ਹੁੰਦਾ ਹੈ। ਨਿਪੁੰਨਤਾ ਦੇ ਮਾਪਦੰਡ ਵਿਦਿਆਰਥੀ ਦੀ ਪ੍ਰਾਪਤੀ ਬਾਰੇ ਸਪੱਸ਼ਟ ਜਾਣਕਾਰੀ ਪ੍ਰਦਾਨ ਕਰਦੇ ਹਨ। ਉਹ ਇੱਕ ਚੁਣੌਤੀਪੂਰਨ ਪਰ ਵਾਜਬ ਪੱਧਰ 'ਤੇ ਸੈੱਟ ਕੀਤੇ ਗਏ ਹਨ, ਜੋ ਕਿ NAPLAN ਟੈਸਟਿੰਗ ਦੇ ਸਮੇਂ ਬੱਚੇ ਤੋਂ ਉਮੀਦ ਕੀਤੀ ਜਾਂਦੀ ਹੈ, ਮੁੱਖ ਤੌਰ 'ਤੇ ਸਕੂਲੀ ਪੜ੍ਹਾਈ ਦੇ ਪਿਛਲੇ ਸਾਲਾਂ ਵਿੱਚ ਜੋ ਕੁੱਝ ਸਿਖਾਇਆ ਗਿਆ ਸੀ ਉਸ ਦੇ ਆਧਾਰ 'ਤੇ। ਵਿਦਿਆਰਥੀ ਦੀ ਪ੍ਰਾਪਤੀ ਨਿਪੁੰਨਤਾ ਦੇ 4 ਪੱਧਰਾਂ ਦੇ ਪ੍ਰਤੀ ਦਿਖਾਈ ਜਾਂਦੀ ਹੈ: ਉਮੀਦ ਤੋਂ ਵੱਧ, ਮਜ਼ਬੂਤ, ਵਿਕਾਸਸ਼ੀਲ ਅਤੇ ਵਾਧੂ ਸਹਾਇਤਾ ਦੀ ਲੋੜ ਹੈ।

NAPLAN ਵਿਅਕਤੀਗਤ ਵਿਦਿਆਰਥੀ ਰਿਪੋਰਟ ਤੁਹਾਡੇ ਬੱਚੇ ਦੇ ਸਕੂਲ ਦੁਆਰਾ ਉਸ ਸਾਲ ਬਾਅਦ ਵਿੱਚ ਪ੍ਰਦਾਨ ਕੀਤੀ ਜਾਵੇਗੀ। ਜੇਕਰ ਤੁਹਾਨੂੰ ਕੋਈ ਰਿਪੋਰਟ ਨਹੀਂ ਮਿਲਦੀ, ਤਾਂ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇਕਰ ਹੋਰ ਸਹਾਇਤਾ ਦੀ ਲੋੜ ਹੋਵੇ, ਤਾਂ ਤੁਹਾਨੂੰ ਆਪਣੇ ਸੰਬੰਧਿਤ ਰਾਜ ਜਾਂ ਪ੍ਰਦੇਸ਼ ਦੀ ਟੈਸਟ ਪ੍ਰਸ਼ਾਸਨ ਅਥਾਰਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ACARA ਵਿਅਕਤੀਗਤ ਰਿਪੋਰਟਾਂ ਪ੍ਰਦਾਨ ਨਹੀਂ ਕਰ ਸਕਦੀ ਹੈ।

## NAPLAN ਨਤੀਜੇ ਕਿਵੇਂ ਵਰਤੇ ਜਾਂਦੇ ਹਨ?

- ਅਧਿਆਪਕਾਂ ਨਾਲ ਪ੍ਰਗਤੀ ਬਾਰੇ ਚਰਚਾ ਕਰਨ ਲਈ ਵਿਦਿਆਰਥੀ, ਮਾਪੇ ਅਤੇ ਸੰਭਾਲਕਰਤਾ ਵਿਅਕਤੀਗਤ ਨਤੀਜਿਆਂ ਦੀ ਵਰਤੋਂ ਕਰ ਸਕਦੇ ਹਨ।
- ਅਧਿਆਪਕ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਨੂੰ ਵਧੇਰੇ ਚੁਣੌਤੀਆਂ ਜਾਂ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ।
- ਸਕੂਲ ਇਹਨਾਂ ਨਤੀਜਿਆਂ ਦੀ ਵਰਤੋਂ ਅਧਿਆਪਨ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਅਤੇ ਸਾਖਰਤਾ ਅਤੇ ਸੰਖਿਆ ਵਿੱਚ ਟੀਚੇ ਨਿਰਧਾਰਤ ਕਰਨ ਲਈ ਸ਼ਕਤੀਆਂ ਅਤੇ ਲੋੜਾਂ ਦੇ ਖੇਤਰਾਂ ਦੀ ਪਛਾਣ ਕਰਨ ਲਈ ਕਰਦੇ ਹਨ।
- ਸਕੂਲ ਪ੍ਰਣਾਲੀਆਂ ਸਕੂਲਾਂ ਨੂੰ ਪੇਸ਼ ਕੀਤੇ ਪ੍ਰੋਗਰਾਮਾਂ ਅਤੇ ਸਹਾਇਤਾ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ।
- ਭਾਈਚਾਰਾ **myschool.edu.au** 'ਤੇ ਸਮੇਂ-ਸਮੇਂ 'ਤੇ ਸਕੂਲਾਂ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦੇਖ ਸਕਦਾ ਹੈ

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

NAPLAN ਬਾਰੇ ਹੋਰ ਜਾਣਕਾਰੀ ਲਈ:

- ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ
- **nap.edu.au/TAA** 'ਤੇ ਆਪਣੇ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਨਾਲ ਸੰਪਰਕ ਕਰੋ
- **nap.edu.au** 'ਤੇ ਜਾਓ

ਇਹ ਜਾਣਨ ਲਈ ਕਿ ACARA NAPLAN ਲਈ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦਾ ਹੈ, **nap.edu.au/naplan/privacy** 'ਤੇ ਜਾਓ

## NAPLAN ਸਮਾਂ-ਸਾਰਣੀ

NAPLAN ਟੈਸਟ ਦੇਣ ਦੀ ਸਮਾਂ ਖਿੜਕੀ 9 ਦਿਨਾਂ ਦੀ ਹੈ। ਇਹ ਉਹਨਾਂ ਸਕੂਲਾਂ ਨੂੰ ਸਹੂਲਤ ਦੇਣ ਲਈ ਹੈ ਜਿਨ੍ਹਾਂ ਕੋਲ ਘੱਟ ਸਮੇਂ ਵਿੱਚ ਟੈਸਟਾਂ ਨੂੰ ਪੂਰਾ ਕਰਨ ਦੀ ਸਮਰੱਥਾ ਨਹੀਂ ਹੈ। **NAPLAN ਟੈਸਟ ਵਿੰਡੋ ਬੁੱਧਵਾਰ 11 ਮਾਰਚ 2026 ਨੂੰ ਸ਼ੁਰੂ ਹੁੰਦੀ ਹੈ ਅਤੇ ਸੋਮਵਾਰ 23 ਮਾਰਚ 2026 ਨੂੰ ਸਮਾਪਤ ਹੁੰਦੀ ਹੈ।** ਸਕੂਲਾਂ ਲਈ **ਲਾਜ਼ਮੀ** ਹੈ ਕਿ ਪਹਿਲੇ ਹਫ਼ਤੇ ਨੂੰ ਤਰਜੀਹ ਦਿੰਦੇ ਹੋਏ, ਇਸ ਟੈਸਟਿੰਗ ਮਿਆਦ ਅੰਦਰ ਜਿੰਨੀ ਜਲਦੀ ਹੋ ਸਕੇ ਟੈਸਟਾਂ ਦਾ ਸਮਾਂ-ਤਹਿ ਕਰਨ।

| ਟੈਸਟ | ਸਮਾਂ-ਬੱਧ ਕਰਨ ਦੀਆਂ ਸ਼ਰਤਾਂ | ਮਿਆਦ | ਟੈਸਟ ਦਾ ਵੇਰਵਾ |
|---|---|---|---|
| **ਲਿਖ਼ਤੀ** | ਜਮਾਤ 3 ਦੇ ਵਿਦਿਆਰਥੀਆਂ ਲਈ ਲਿਖਣ ਵਾਲੀ ਪ੍ਰੀਖਿਆ ਸਿਰਫ਼ ਪਹਿਲੇ ਦਿਨ ਪੇਪਰ 'ਤੇ ਦੇਣੀ **ਲਾਜ਼ਮੀ** ਹੈ।<br>ਸਾਲ 5, 7 ਅਤੇ 9 ਵੀਂ ਜਮਾਤ ਦਾ ਲਿਖਤੀ ਮੁਲਾਂਕਣ ਦਿਨ 1 ਤੋਂ ਸ਼ੁਰੂ ਹੋਣਾ **ਲਾਜ਼ਮੀ** ਹੈ (ਸਕੂਲਾਂ ਨੂੰ ਕੇਵਲ ਦਿਨ 1 ਵਿੱਚ ਹੀ ਲਿਖਤੀ ਮੁਲਾਂਕਣ ਨੂੰ ਪੂਰਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ, ਦਿਨ 2 ਸਿਰਫ਼ ਉੱਥੇ ਵਰਤਿਆ ਜਾਂਦਾ ਹੈ ਜਿੱਥੇ ਤਕਨੀਕੀ/ਲੋਜਿਸਟਿਕ ਸੀਮਾਵਾਂ ਹਨ) | ਸਾਲ 3: 40 ਮਿੰਟ<br>ਸਾਲ 5: 42 ਮਿੰਟ<br>ਸਾਲ 7: 42 ਮਿੰਟ<br>ਸਾਲ 9: 42 ਮਿੰਟ | ਵਿਦਿਆਰਥੀਆਂ ਨੂੰ ਇੱਕ ਵਿਚਾਰ ਜਾਂ ਵਿਸ਼ਾ ਦਿੱਤਾ ਜਾਂਦਾ ਹੈ ਜਿਸਨੂੰ ਲਿਖਣ ਦਾ ਵਿਚਾਰ (ਜਾਂ ਪ੍ਰੌਂਪਟ) ਕਿਹਾ ਜਾਂਦਾ ਹੈ ਅਤੇ ਕਿਸੇ ਖ਼ਾਸ ਸ਼ੈਲੀ (ਬਿਰਤਾਂਤ ਜਾਂ ਪ੍ਰੇਰਕ ਲਿਖਤ) ਵਿੱਚ ਜਵਾਬ ਲਿਖਣ ਲਈ ਕਿਹਾ ਜਾਂਦਾ ਹੈ। |
| **ਪੜ੍ਹਨਾ** | ਲਿਖਤੀ ਪ੍ਰੀਖਿਆ ਤੋਂ ਬਾਅਦ ਪੂਰਾ ਕੀਤਾ ਜਾਣਾ ਹੈ | ਸਾਲ 3: 45 ਮਿੰਟ<br>ਸਾਲ 5: 50 ਮਿੰਟ<br>ਸਾਲ 7: 65 ਮਿੰਟ<br>ਸਾਲ 9: 65 ਮਿੰਟ | ਵਿਦਿਆਰਥੀ ਜਾਣਕਾਰੀ ਭਰਪੂਰ, ਕਲਪਨਾਤਮਕ ਅਤੇ ਪ੍ਰੇਰਕ ਪੈਰਿਆਂ ਦੀ ਇੱਕ ਲੜੀ ਪੜ੍ਹਦੇ ਹਨ ਅਤੇ ਫਿਰ ਸੰਬੰਧਿਤ ਸਵਾਲਾਂ ਦੇ ਜਵਾਬ ਦਿੰਦੇ ਹਨ |
| **ਭਾਸ਼ਾਈ ਤਰੀਕੇ** | ਰੀਡਿੰਗ ਟੈਸਟ ਤੋਂ ਬਾਅਦ ਪੂਰਾ ਕੀਤਾ ਜਾਣਾ ਹੈ | ਸਾਲ 3: 45 ਮਿੰਟ<br>ਸਾਲ 5: 45 ਮਿੰਟ<br>ਸਾਲ 7: 45 ਮਿੰਟ<br>ਸਾਲ 9: 45 ਮਿੰਟ | ਵਿਦਿਆਰਥੀਆਂ ਦਾ ਸ਼ਬਦ-ਜੋੜ, ਵਿਆਕਰਨ ਅਤੇ ਵਿਰਾਮ ਚਿੰਨ੍ਹਾਂ ਬਾਰੇ ਮੁਲਾਂਕਣ ਕੀਤਾ ਜਾਂਦਾ ਹੈ |
| **ਸੰਖਿਆ ਗਿਆਨ** | ਭਾਸ਼ਾਈ ਤਰੀਕਿਆਂ ਟੈਸਟ ਤੋਂ ਬਾਅਦ ਪੂਰਾ ਕੀਤਾ ਜਾਣਾ ਚਾਹੀਦਾ ਹੈ | ਸਾਲ 3: 45 ਮਿੰਟ<br>ਸਾਲ 5: 50 ਮਿੰਟ<br>ਸਾਲ 7: 65 ਮਿੰਟ<br>ਸਾਲ 9: 65 ਮਿੰਟ | ਵਿਦਿਆਰਥੀਆਂ ਦਾ ਮੁਲਾਂਕਣ ਨੰਬਰ ਅਤੇ ਬੀਜ-ਗਣਿਤ, ਮਾਪ ਅਤੇ ਜਿਓਮੈਟਰੀ, ਅਤੇ ਅੰਕੜੇ ਅਤੇ ਪ੍ਰੋਬਾਬਿਲਿਟੀ ਵਰਗੇ ਵਿਸ਼ਿਆਂ 'ਤੇ ਕੀਤਾ ਜਾਂਦਾ ਹੈ |